ਅਰਮਾਨ (ARMAAN)
Vol. 3 | Issue 3 | July-Sep. 2025
ISSN: 2583-9446 (O)
Paper Published Id: ARMN030306
Available online at: www.armaan.org.in
DOI: https://doi.org/10.64119/armaan.vol.3.issue3.06

# ਕੇਂਦਰ-ਰਾਜ ਸਬੰਧ: ਇੱਕ ਵਿਸਤ੍ਰਿਤ ਅਧਿਐਨ

## KENDRA-RAJYA SANBANDH: IK VISTRIT ADHIYAIN

**ਜਸਪਾਲ ਸ਼ਰਮਾ** (Jaspal Sharma)
**ਸਹਾਇਕ ਪ੍ਰੋਫੈਸਰ, ਰਾਜਨੀਤੀ ਸ਼ਾਸਤਰ** (Assistant Professor, Political Science)
**ਪੰਜਾਬੀ ਯੂਨੀਵਰਸਿਟੀ ਬਾਬਾ ਜੋਗੀਪੀਰ ਨੇਬਰਹੁੱਡ ਕੈਂਪਸ, ਰੱਲਾ, ਮਾਨਸਾ (ਪੰਜਾਬ)**
Email ID: jaspalsharma2793@gmail.com **ਮੋਬਾਈਲ:** +91-94786-29445

**ਸਾਰ (Abstract)**

*ਭਾਰਤ ਦੀ ਸੰਘਾਤਮਕ ਸ਼ਾਸਨ ਪ੍ਰਣਾਲੀ, ਦੁਨੀਆਂ ਦੇ ਦੂਜੇ ਦੇਸ਼ਾਂ ਦੀਆਂ ਸੰਘਾਤਮਕ ਸ਼ਾਸਨ ਪ੍ਰਣਾਲੀਆਂ ਤੋਂ ਕਾਫੀ ਅਲੱਗ ਹੈ। ਭਾਰਤੀ ਸ਼ਾਸਨ ਪ੍ਰਣਾਲੀ ਜਿੱਥੇ ਮਜ਼ਬੂਤ ਕੇਂਦਰ ਦੀ ਵਿਵਸਥਾ ਕਰਦੀ ਹੈ ਉੱਥੇ ਹੀ ਰਾਜਾਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਵੀ ਵਚਨਬੱਧ ਹੈ। ਭਾਰਤੀ ਸੰਵਿਧਾਨ ਕੇਂਦਰ ਅਤੇ ਰਾਜਾਂ ਦੋਵਾਂ ਨੂੰ ਸ਼ਕਤੀਆਂ ਪ੍ਰਦਾਨ ਕਰਕੇ, ਆਪਣੇ-ਆਪਣੇ ਖੇਤਰਾਂ ਵਿੱਚ ਖ਼ੁਦਮੁਖਤਿਆਰ ਬਣਾਉਂਦਾ ਹੈ। ਭਾਰਤੀ ਸੰਵਿਧਾਨ ਕੇਂਦਰ ਅਤੇ ਰਾਜਾਂ ਵਿਚਕਾਰ ਵਿਧਾਨਕ, ਪ੍ਰਸ਼ਾਸਕੀ ਅਤੇ ਵਿੱਤੀ ਸਬੰਧਾਂ ਅਤੇ ਸ਼ਕਤੀਆਂ ਦੀ ਸਪੱਸ਼ਟ ਵੰਡ ਕਰਦਾ ਹੈ ਪ੍ਰੰਤੂ ਇਸ ਦੇ ਬਾਵਜੂਦ ਵੀ ਭਾਰਤ ਵਿੱਚ ਕੇਂਦਰ-ਰਾਜ ਸਬੰਧਾਂ ਵਿੱਚ ਟਕਰਾਅ ਦੀ ਸਥਿਤੀ ਅਜ਼ਾਦੀ ਦੇ ਬਾਅਦ ਤੋਂ ਹੀ ਬਣੀ ਹੋਈ ਹੈ। ਕੇਂਦਰ-ਰਾਜ ਸਬੰਧਾਂ ਨੂੰ ਸੁਧਾਰਨ ਲਈ ਸਮੇਂ-ਸਮੇਂ ਤੇ ਵੱਖ-ਵੱਖ ਸਰਕਾਰਾਂ ਨੇ ਕਈ ਆਯੋਗਾਂ ਅਤੇ ਕਮੇਟੀਆਂ ਦਾ ਨਿਰਮਾਣ ਵੀ ਕੀਤਾ। ਲੇਕਿਨ ਅੱਜ ਤੱਕ ਵੀ ਇਸ ਟਕਰਾਅ ਨੂੰ ਪੂਰੀ ਤਰ੍ਹਾਂ ਖਤਮ ਨਹੀਂ ਕੀਤਾ ਜਾ ਸਕਿਆ। ਭਾਰਤ ਦੀ ਤਰੱਕੀ, ਅਖੰਡਤਾ ਅਤੇ ਏਕਤਾ ਲਈ ਇਹ ਲਾਜ਼ਮੀ ਹੈ ਕਿ ਕੇਂਦਰ-ਰਾਜ ਸਬੰਧਾਂ ਵਿਚਕਾਰਲੇ ਹਰ ਤਰ੍ਹਾਂ ਦੇ ਤਨਾਅ ਨੂੰ ਖਤਮ ਕੀਤਾ ਜਾਵੇ ਅਤੇ ਕੇਂਦਰ ਅਤੇ ਰਾਜ ਸਰਕਾਰਾਂ ਮਿਲ ਕੇ ਰਾਸ਼ਟਰੀ ਹਿੱਤ ਲਈ ਕੰਮ ਕਰਨ। ਸਬੰਧਿਤ ਖੋਜ ਪੱਤਰ ਭਾਰਤ ਵਿੱਚ ਕੇਂਦਰ ਅਤੇ ਰਾਜਾਂ ਵਿਚਕਾਰ ਸ਼ਕਤੀਆਂ ਦੀ ਵੰਡ ਅਤੇ ਇਨ੍ਹਾਂ ਵਿਚਕਾਰ ਟਕਰਾਅ ਦੇ ਕਾਰਨਾਂ ਤੇ ਕੇਂਦ੍ਰਿਤ ਹੈ।*

***ਕੀਵਰਡ (Keyword): ਸੰਵਿਧਾਨ, ਕੇਂਦਰ-ਰਾਜ ਸਬੰਧ, ਰਾਜਪਾਲ, ਆਰਟੀਕਲ 356, ਸਰਕਾਰ।***

ਭਾਰਤ ਵਿੱਚ ਸੰਘਾਤਮਕ ਸ਼ਾਸਨ ਪ੍ਰਣਾਲੀ ਹੈ ਪ੍ਰੰਤੂ ਭਾਰਤ ਦੀ ਸੰਘਾਤਮਕ ਸ਼ਾਸਨ ਪ੍ਰਣਾਲੀ ਵਿਸ਼ਵ ਦੇ ਦੂਜੇ ਦੇਸ਼ਾਂ ਨਾਲੋਂ ਅਲੱਗ ਹੈ। ਭਾਰਤੀ ਸ਼ਾਸਨ ਪ੍ਰਣਾਲੀ ਬੇਸ਼ੱਕ ਮਜ਼ਬੂਤ ਕੇਂਦਰ ਦੇ ਪੱਖ ਵਿੱਚ ਹੈ ਪਰ ਇਸ ਦੇ ਨਾਲ ਹੀ ਰਾਜਾਂ ਦੇ ਅਧਿਕਾਰਾਂ ਅਤੇ ਖ਼ੁਦਮੁਖਤਿਆਰੀ ਨੂੰ ਵੀ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ। ਭਾਰਤੀ ਸੰਵਿਧਾਨ ਦਾ ਆਰਟੀਕਲ-1 ਭਾਰਤ ਨੂੰ 'ਰਾਜਾਂ ਦੇ ਸੰਘ' ਦੇ ਰੂਪ ਵਿੱਚ ਪਰਿਭਾਸ਼ਿਤ ਕਰਦਾ ਹੈ। ਭਾਰਤੀ ਸੰਵਿਧਾਨ ਭਾਰਤ ਵਿੱਚ ਦੋਹਰੀ ਸ਼ਾਸਨ ਪ੍ਰਣਾਲੀ ਦੀ ਵਿਵਸਥਾ ਕਰਦੇ ਹੋਏ, ਕੇਂਦਰ ਅਤੇ ਰਾਜਾਂ ਵਿਚਕਾਰ ਸ਼ਕਤੀਆਂ ਦੀ ਵੰਡ ਕਰਦਾ ਹੈ। ਲੇਕਿਨ ਫਿਰ ਵੀ ਭਾਰਤ ਦੀ ਸੰਘੀ ਵਿਵਸਥਾ ਨੂੰ 'ਅਰਧ-ਸੰਘੀ ਵਿਵਸਥਾ' ਵਜੋਂ ਜਾਣਿਆ ਜਾਂਦਾ ਹੈ ਕਿਉਂਕਿ ਇਸ ਵਿੱਚ ਰਾਜਾਂ ਦੇ ਮੁਕਾਬਲੇ ਕੇਂਦਰ ਨੂੰ ਅਧਿਕ ਸ਼ਕਤੀਆਂ ਪ੍ਰਾਪਤ ਹਨ। ਕੇ..ਸੀ. ਵੀਅਰ ਦੇ ਅਨੁਸਾਰ,

> "ਭਾਰਤੀ ਸੰਵਿਧਾਨ ਨੇ ਇੱਕ ਅਜਿਹੀ ਸ਼ਾਸਨ ਪ੍ਰਣਾਲੀ ਸਥਾਪਿਤ ਕੀਤੀ ਹੈ ਜੋ ਕਿ ਸਭ ਤੋਂ ਵੱਧ ਅਰਧ-ਸੰਘੀ ਹੈ।"[1]

ਭਾਰਤ ਵਿੱਚ ਕੇਂਦਰ-ਰਾਜ ਸੰਬੰਧਾਂ ਦੀ ਸ਼ੁਰੂਆਤ 1833 ਦੇ ਐਕਟ ਤੋਂ ਮੰਨੀ ਜਾਂਦੀ ਹੈ ਪ੍ਰੰਤੂ ਭਾਰਤ ਦੀ ਮੌਜੂਦਾ ਸੰਘੀ ਪ੍ਰਣਾਲੀ ਦਾ ਸਰੂਪ 1919 ਅਤੇ 1935 ਦੇ ਭਾਰਤ ਸਰਕਾਰ ਐਕਟ ਉਪਰ ਆਧਾਰਿਤ ਹੈ।

### ਕੇਂਦਰ-ਰਾਜ ਸੰਬੰਧ 1833 ਤੋਂ 1919 ਤੱਕ-

1833 ਦਾ ਚਾਰਟਰ ਐਕਟ ਸ਼ਕਤੀਆਂ ਦੇ ਕੇਂਦਰੀਕਰਨ ਦੇ ਪੱਖ ਵਿੱਚ ਸੀ। ਇਸ ਐਕਟ ਨੇ ਸੂਬਾ ਸਰਕਾਰਾਂ ਨੂੰ ਉਹਨਾਂ ਦੀਆਂ ਵਿਧਾਨਕ ਸ਼ਕਤੀਆਂ ਤੋਂ ਵਾਂਝਾ ਕਰ ਦਿੱਤਾ। ਐਕਟ ਦੇ ਅਨੁਸਾਰ ਸੂਬਾਈ ਸਰਕਾਰਾਂ ਲਈ ਇਹ ਲਾਜ਼ਮੀ ਸੀ ਕਿ ਉਹ ਸਾਰੇ ਪ੍ਰਸ਼ਾਸਕੀ ਮਾਮਲਿਆਂ ਉੱਤੇ ਜਾਰੀ ਕੀਤੇ, ਆਪਣੇ ਆਦੇਸ਼ਾਂ ਦੀਆਂ ਕਾਪੀਆਂ ਗਵਰਨਰ ਜਨਰਲ ਅਤੇ ਉਸਦੀ ਕੌਂਸਲ ਨੂੰ ਭੇਜਣ। ਏ.ਸੀ. ਬੈਨਰਜ਼ੀ ਅਨੁਸਾਰ,

> *"ਇਸ ਐਕਟ ਅਨੁਸਾਰ ਭਾਰਤ ਦੇ ਗਵਰਨਰ ਜਨਰਲ ਨੂੰ ਵਿਸ਼ੇਸ਼ ਵਿਧਾਨਕ ਸ਼ਕਤੀਆਂ ਪ੍ਰਦਾਨ ਕੀਤੀਆਂ ਗਈਆਂ ਸਨ।"[2]*

©ਅਰਮਾਨ (ARMAAN)
Received: 29 July 2025 Accepted: 28 August 2025 Published: 05 September 2025

ਭਾਰਤੀ ਕੌਂਸਲ ਐਕਟ-1861 ਨੇ ਕੁਝ ਭਾਰਤੀ ਮੈਂਬਰਾਂ ਨੂੰ ਕੇਂਦਰੀ ਵਿਧਾਨ ਪ੍ਰੀਸ਼ਦ ਵਿੱਚ ਨਾਮਜ਼ਦ ਕਰਨ ਅਤੇ ਪ੍ਰਾਤਾਂ ਵਿੱਚ ਵਿਧਾਨ ਪ੍ਰੀਸ਼ਦਾਂ ਦੀ ਸਥਾਪਨਾ ਲਈ ਉਪ ਬੰਧ ਪੇਸ਼ ਕੀਤੇ। ਇਸ ਤਰ੍ਹਾਂ 1861 ਦੇ ਐਕਟ ਨੇ ਕੁਝ ਵਿਧਾਨਕ ਮਾਮਲਿਆਂ ਵਿੱਚ ਵਿਕੇਂਦਰੀਕਰਨ ਦੀ ਸ਼ੁਰੂਆਤ ਜ਼ਰੂਰ ਕੀਤੀ। ਲੇਕਿਨ ਇਸ ਨਾਲ ਹੀ ਇਹ ਵਿਵਸਥਾ ਵੀ ਕਾਇਮ ਕੀਤੀ ਗਈ ਕਿ ਕੇਂਦਰੀ ਸੱਤਾ, ਰਾਜਾਂ ਦੁਆਰਾ ਬਣਾਏ ਗਏ ਕਿਸੇ ਵੀ ਕਾਨੂੰਨ ਨੂੰ ਰੱਦ ਕਰ ਸਕਦੀ ਸੀ। ਇਸ ਤੋਂ ਬਾਅਦ 1892 ਅਤੇ 1909 ਵਿੱਚ ਪਾਸ ਹੋਏ ਐਕਟਾਂ ਦੁਆਰਾ ਸੂਬਿਆਂ ਦੀਆਂ ਵਿਧਾਨ ਪ੍ਰੀਸ਼ਦਾਂ ਵਿੱਚ ਮੈਂਬਰਾਂ ਦੀ ਗਿਣਤੀ ਜ਼ਰੂਰ ਵਧਾਈ ਗਈ ਪਰੰਤੂ ਇਹਨਾਂ ਐਕਟਾਂ ਨੇ ਕਾਨੂੰਨਾਂ ਅਤੇ ਸ਼ਕਤੀਆਂ ਦੇ ਮਾਮਲੇ ਵਿੱਚ ਕੇਦਰ-ਰਾਜ ਸੰਬੰਧਾਂ ਦੇ ਸਰੂਪ ਵਿੱਚ ਕੋਈ ਪਰਿਵਰਤਨ ਨਹੀਂ ਲਿਆਂਦਾ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ

*"ਕਾਨੂੰਨੀ ਮਾਮਲਿਆਂ ਵਿੱਚ ਕੇਂਦਰ-ਰਾਜ ਸਬੰਧਾਂ ਲਈ 1861 ਦੇ ਐਕਟ ਅਧੀਨ ਬਣੇ ਉਪਬੰਧ 1919 ਤੱਕ ਪ੍ਰਚਲਿਤ ਰਹੇ।"*[3]

**ਕੇਂਦਰ-ਰਾਜ ਸੰਬੰਧ 1919 ਤੋਂ 1947 ਤੱਕ-**

ਦੂਜੇ ਵਿਸ਼ਵ ਯੁੱਧ ਦੀ ਸਮਾਪਤੀ ਤੋਂ ਬਾਅਦ ਬ੍ਰਿਟਿਸ਼ ਸਰਕਾਰ ਨੇ ਭਾਰਤੀ ਸ਼ਾਸਨ ਪ੍ਰਣਾਲੀ ਵਿੱਚ ਕੁਝ ਸੰਵਿਧਾਨਕ ਸੁਧਾਰ ਕਰਨ ਦਾ ਫੈਸਲਾ ਕੀਤਾ। ਇਸ ਉਦੇਸ਼ ਲਈ ਅੰਗਰੇਜ਼ ਅਧਿਕਾਰੀ ਮਾਂਟੈਗੂ ਭਾਰਤ ਆਇਆ ਅਤੇ ਉਸਨੇ ਭਾਰਤ ਦੇ ਵਾਇਸਰਾਏ ਚੈਮਸਫੋਰਡ ਨਾਲ ਮਿਲਕੇ ਸੰਵਿਧਾਨਕ ਸੁਧਾਰਾਂ ਸੰਬੰਧੀ ਇੱਕ ਰਿਪੋਰਟ ਤਿਆਰ ਕੀਤੀ। ਰਿਪੋਰਟ ਦੇ ਆਧਾਰ ਤੇ 1919 ਦਾ ਭਾਰਤ ਸਰਕਾਰ ਐਕਟ ਪਾਸ ਹੋਇਆ। ਇਸ ਐਕਟ ਦੁਆਰਾ ਭਾਰਤੀ ਸ਼ਾਸਨ ਪ੍ਰਣਾਲੀ ਵਿੱਚ ਭਾਰਤੀਆਂ ਦੀ ਭਾਗੀਦਾਰੀ ਨੂੰ ਵਧਾਇਆ ਗਿਆ। ਐਕਟ ਤਹਿਤ ਕੇਂਦਰ ਅਤੇ ਸੂਬਿਆਂ ਦੇ ਵਿਸ਼ਿਆਂ ਸਬੰਧੀ ਦੋ ਸੂਚੀਆਂ ਤਿਆਰ ਕੀਤੀਆਂ ਗਈਆਂ। ਕੇਂਦਰੀ ਸੂਚੀ ਵਿੱਚ 47 ਅਤੇ ਪ੍ਰਾਂਤਕ ਸੂਚੀ ਵਿੱਚ 51 ਵਿਸ਼ੇ ਰੱਖੇ ਗਏ। ਪ੍ਰਾਂਤਕ ਵਿਸ਼ਿਆਂ ਨੂੰ ਅੱਗੇ ਦੋ ਸ਼੍ਰੇਣੀਆਂ ਵਿੱਚ ਵੰਡਿਆ ਗਿਆ- ਰਾਖਵੇਂ ਵਿਸ਼ੇ ਅਤੇ ਸੌਂਪੇ ਵਿਸ਼ੇ। ਰਾਖਵੇਂ ਵਿਸ਼ਿਆਂ ਤੇ ਕਾਨੂੰਨ ਬਣਾਉਣ ਦਾ ਅਧਿਕਾਰ ਗਵਰਨਰ ਅਤੇ ਉਸਦੀ ਕੌਂਸਲ ਨੂੰ ਦਿੱਤਾ ਗਿਆ ਅਤੇ ਸੌਂਪੇ ਵਿਸ਼ਿਆਂ ਨੂੰ ਗਵਰਨਰ ਅਤੇ ਉਸਦੇ ਮੰਤਰੀਆਂ ਦੇ ਅਧਿਕਾਰ ਅਧੀਨ ਰੱਖਿਆ ਗਿਆ। ਇਹ ਸਾਰੇ ਮੰਤਰੀ ਆਮ ਤੌਰ ਤੇ ਭਾਰਤੀ ਹੀ ਹੁੰਦੇ ਸਨ ਅਤੇ ਇਹ 'ਪ੍ਰਾਂਤਕ ਲੈਜਿਸਲੇਟਿਵ ਕੌਂਸਿਲ' ਪ੍ਰਤੀ ਜਵਾਬਦੇਹ ਸਨ। ਇਸ ਪ੍ਰਕਾਰ ਦੀ ਸ਼ਾਸਨ ਪ੍ਰਣਾਲੀ ਨੂੰ ਡਾਇਆਰਕੀ ਜਾਂ ਦੋਹਰੀ ਸ਼ਾਸਨ ਪ੍ਰਣਾਲੀ ਕਿਹਾ ਜਾਂਦਾ ਹੈ। ਇਹ ਪ੍ਰਣਾਲੀ ਬ੍ਰਿਟਿਸ਼ ਭਾਰਤ ਦੇ 9 ਸੂਬਿਆਂ ਵਿੱਚ ਲਾਗੂ ਕੀਤੀ ਗਈ। 1919 ਦੇ ਐਕਟ ਅਨੁਸਾਰ ਪ੍ਰਾਂਤਾਂ ਦੀ ਆਮਦਨ ਲਈ ਅਲੱਗ ਸਾਧਨ ਜਾਂ ਸ੍ਰੋਤ ਪੈਦਾ ਕਰਨ ਦੀ ਵਿਵਸਥਾ ਕੀਤੀ ਗਈ। ਇਸ ਐਕਟ ਨੇ ਕੇਂਦਰ-ਰਾਜ ਸਬੰਧਾਂ ਦੀ ਪੁਰਾਣੀ ਪ੍ਰਕਿਰਤੀ ਨੂੰ ਕੁਝ ਹੱਦ ਤੱਕ ਬਦਲਣ ਦੀ ਕੋਸ਼ਿਸ਼ ਕੀਤੀ।

ਨਵੰਬਰ,1927 ਵਿੱਚ ਸਰ ਜਾਨ ਸਾਈਮਨ ਦੀ ਪ੍ਰਧਾਨਗੀ ਹੇਠ ਸੱਤ ਮੈਂਬਰਾਂ ਦਾ ਕਮਿਸ਼ਨ ਭਾਰਤ ਆਇਆ। ਇਸ ਦਾ ਕੰਮ 1919 ਦੇ ਭਾਰਤ ਸਰਕਾਰ ਐਕਟ ਅਧੀਨ ਸਥਾਪਿਤ ਕੀਤੀ ਸ਼ਾਸਨ ਪ੍ਰਣਾਲੀ ਦੀ ਪੜਤਾਲ ਕਰਨਾ ਅਤੇ ਉਸ ਵਿੱਚ ਸੁਧਾਰਾਂ ਸੰਬੰਧੀ ਸੁਝਾਅ ਦੇਣਾ ਸੀ। ਕਮਿਸ਼ਨ ਨੇ ਭਾਰਤ ਵਿੱਚ ਦੋਹਰੀ ਸ਼ਾਸਨ ਪ੍ਰਣਾਲੀ ਨੂੰ ਖਤਮ ਕਰਨ ਅਤੇ ਗਵਰਨਰ ਨੂੰ ਵਿੱਤ, ਪ੍ਰਸ਼ਾਸਨ ਅਤੇ ਕਾਨੂੰਨ ਨਿਰਮਾਣ ਸੰਬੰਧੀ ਵਿਸ਼ੇਸ਼ ਸ਼ਕਤੀਆਂ ਦੇਣ ਦੀ ਸਿਫਾਰਸ਼ ਕੀਤੀ। ਭਾਰਤੀਆਂ ਨੇ ਸਾਈਮਨ ਕਮਿਸ਼ਨ ਦੀ ਰਿਪੋਰਟ ਨੂੰ ਪੂਰੀ ਤਰ੍ਹਾਂ ਨਾਕਾਰ ਦਿੱਤਾ ਸੀ ਪਰੰਤੂ ਫ਼ਿਰ ਵੀ ਇਸ ਦੀਆਂ ਕੁਝ ਸਿਫਾਰਸ਼ਾਂ ਨੂੰ 1935 ਦੇ ਐਕਟ ਲਈ ਆਧਾਰ ਬਣਾਇਆ ਗਿਆ।

1935 ਦੇ ਭਾਰਤ ਸਰਕਾਰ ਐਕਟ ਅਨੁਸਾਰ 11 ਪ੍ਰਾਂਤਾਂ ਵਿੱਚ ਖ਼ੁਦਮੁਖਤਿਆਰ ਸ਼ਾਸਨ ਸਥਾਪਿਤ ਕੀਤਾ ਗਿਆ। ਇਸ ਐਕਟ ਅਧੀਨ ਪਹਿਲੀ ਵਾਰ ਪ੍ਰਾਂਤਕ ਸਰਕਾਰਾਂ ਨੂੰ ਸਿੱਧੇ ਰੂਪ ਵਿੱਚ ਬਰਤਾਨਵੀ ਸਰਕਾਰ ਤੋਂ ਸ਼ਕਤੀ ਪ੍ਰਾਪਤ ਹੋਈ।

*"ਇਸ ਤੋਂ ਪਹਿਲਾਂ ਪ੍ਰਾਂਤਕ ਸਰਕਾਰਾਂ ਆਪਣੀਆਂ ਸ਼ਕਤੀਆਂ 'ਸੈਕਟਰੀ ਆਫ਼ ਸਟੇਟ' ਤੋਂ ਪ੍ਰਾਪਤ ਕਰਦੀਆਂ ਸਨ ਅਤੇ ਉਸਦੇ ਨਿਯੰਤਰਣ ਹੇਠ ਹੀ ਸੂਬਾ ਸਰਕਾਰਾਂ ਦੁਆਰਾ ਸ਼ਕਤੀਆਂ ਦੀ ਵਰਤੋਂ ਕੀਤੀ ਜਾਂਦੀ ਸੀ। 1935 ਦੇ ਐਕਟ ਅਧੀਨ ਪ੍ਰਾਂਤਾਂ ਨੂੰ ਸਮਰਾਟ ਨੂੰ ਪਹਿਲੀ ਵਾਰ ਅਲੱਗ ਕਾਨੂੰਨੀ ਵਜ਼ੂਦ ਹਾਸਿਲ ਹੋਇਆ।"*[4]

1935 ਦੇ ਐਕਟ ਅਨੁਸਾਰ ਪ੍ਰਸ਼ਾਸਕੀ ਵਿਸ਼ਿਆਂ ਨੂੰ ਤਿੰਨ ਸੂਚੀਆਂ ਵਿੱਚ ਵੰਡਿਆ ਗਿਆ। ਸੰਘ ਸੂਚੀ ਵਿੱਚ 59 ਵਿਸ਼ੇ ਰੱਖੇ ਗਏ ਜਿਹਨਾਂ ਉੱਤੇ ਕਾਨੂੰਨ ਬਣਾਉਣ ਦਾ ਅਧਿਕਾਰ 'ਸੰਘੀ ਵਿਧਾਨ ਸਭਾ' ਨੂੰ ਸੌਂਪਿਆ ਗਿਆ ਅਤੇ ਰਾਜ ਸੂਚੀ ਵਿੱਚ ਅੰਕਿਤ 54 ਵਿਸ਼ਿਆਂ ਤੇ ਕਾਨੂੰਨ ਬਣਾਉਣ ਦਾ ਪ੍ਰਾਂਤਕ ਵਿਧਾਨ ਸਭਾਵਾਂ ਨੂੰ ਦਿੱਤਾ ਗਿਆ। ਤੀਜੀ ਸੂਚੀ ਜਿਸ ਨੂੰ ਸਮਵਰਤੀ ਸੂਚੀ ਵਜੋਂ ਜਾਣਿਆ ਜਾਂਦਾ ਹੈ। ਇਸ ਵਿੱਚ 36 ਸਾਂਝੇ ਵਿਸ਼ੇ ਰੱਖੇ ਗਏ ਅਤੇ ਇਹਨਾਂ ਵਿਸ਼ਿਆਂ ਉੱਪਰ ਕਾਨੂੰਨ ਬਣਾਉਣ ਦਾ ਅਧਿਕਾਰ,ਸੰਘੀ ਅਤੇ ਪ੍ਰਾਂਤਕ ਦੋਵੇਂ ਸਰਕਾਰਾਂ ਨੂੰ ਦਿੱਤਾ ਗਿਆ। ਇਸ ਤਰ੍ਹਾਂ ਭਾਰਤੀ ਸ਼ਾਸਨ ਪ੍ਰਣਾਲੀ ਅਤੇ ਕੇਂਦਰ-ਰਾਜ ਸਬੰਧਾਂ ਵਿੱਚ ਵਿਕੇਂਦਰੀਕਰਨ ਦੀ ਸ਼ੁਰੂਆਤ ਹੋਈ।

*ਬ੍ਰਿਟਿਸ਼ ਸਾਮਰਾਜਵਾਦੀਆਂ ਦਾ ਮੁੱਖ ਮੰਤਵ ਭਾਰਤ ਵਿੱਚ ਬ੍ਰਿਟਿਸ਼ ਸਾਮਰਾਜ ਨੂੰ ਸਥਿਰ ਰੱਖਣਾ ਅਤੇ ਉਸਦੀ ਰੱਖਿਆ ਕਰਨਾ ਸੀ। ਇਸ ਉਦੇਸ਼ ਲਈ ਬ੍ਰਿਟਿਸ਼ ਸਰਕਾਰ ਨੇ ਭਾਰਤ ਦੀ ਕੇਂਦਰੀ ਸਰਕਾਰ ਤੇ ਬੋਝ ਘਟਾਉਣ, ਸੂਬਾਈ ਪ੍ਰਸ਼ਾਸਨ ਨੂੰ ਸਫਲਤਾਪੂਰਵਕ ਚਲਾਉਣ ਅਤੇ ਉਦਾਰਵਾਦੀ ਭਾਰਤੀ ਰਾਸ਼ਟਰਵਾਦੀਆਂ ਨੂੰ ਖੁਸ਼ ਕਰਨ ਲਈ ਸੀਮਤ ਵਿਕੇਂਦਰੀਕਰਨ ਦੀ ਨੀਤੀ ਅਪਣਾਈ। 1935 ਦੇ ਐਕਟ ਅਧੀਨ ਪੇਸ਼ ਕੀਤੀ ਗਈ, ਇਹ ਪ੍ਰਸ਼ਾਸਨ ਪ੍ਰਣਾਲੀ 1947 ਤੱਕ ਲਾਗੂ ਰਹੀ।*[5]

**ਭਾਰਤੀ ਸੰਵਿਧਾਨ ਅਤੇ ਕੇਂਦਰ-ਰਾਜ ਸਬੰਧ-**

ਸੰਵਿਧਾਨ ਸਭਾ ਵਿੱਚ ਲੰਮੀ ਬਹਿਸ ਅਤੇ ਵਿਚਾਰ-ਵਟਾਂਦਰੇ ਤੋਂ ਬਾਅਦ 26 ਨਵੰਬਰ, 1950 ਨੂੰ ਭਾਰਤੀ ਸੰਵਿਧਾਨ ਦਾ ਕੰਮ ਸੰਪੂਰਨ ਹੋਇਆ ਅਤੇ ਇਸ ਨੂੰ ਸਵੀਕਾਰ ਕੀਤਾ ਗਿਆ। ਸੰਵਿਧਾਨ ਨਿਰਮਾਤਾਵਾਂ ਨੇ ਕੇਂਦਰ-ਰਾਜ ਸਬੰਧਾਂ ਨੂੰ ਨਿਰਧਾਰਿਤ ਕਰਨ ਲਈ ਅਮਰੀਕੀ ਸੰਵਿਧਾਨ ਤੋਂ 'ਸੰਘੀ ਸਰਕਾਰ ਪ੍ਰਣਾਲੀ' ਅਤੇ ਦੇਸ ਦਾ ਮੁਖੀ ਰਾਸ਼ਟਰਪਤੀ ਵਰਗੀਆਂ ਵਿਵਸਥਾਵਾਂ ਨੂੰ ਅਪਣਾਇਆ। ਸੰਵਿਧਾਨ ਵਿੱਚ ਕੇਂਦਰ-ਰਾਜ ਸਬੰਧਾਂ ਦੇ ਵਿਸ਼ੇ ਸਬੰਧੀ ਜ਼ਿਆਦਾਤਰ ਉਪਬੰਧ 1935 ਦੇ ਭਾਰਤ ਸਰਕਾਰ ਐਕਟ ਤੋਂ ਲਏ ਗਏ ਹਨ। ਸੰਵਿਧਾਨ ਨਿਰਮਾਤਾਵਾਂ ਨੇ ਦੇਸ਼ ਦੀ ਆਜ਼ਾਦੀ ਅਤੇ ਅਖੰਡਤਾ ਦੀ ਸੁਰੱਖਿਆ ਲਈ 1935 ਦੇ ਐਕਟ ਵਾਂਗ ਮਜ਼ਬੂਤ ਕੇਂਦਰ ਦੀ ਵਿਵਸਥਾ ਕੀਤੀ। 1935 ਦੇ ਐਕਟ ਵਾਂਗ ਹੀ ਭਾਰਤੀ ਸੰਵਿਧਾਨ ਵਿੱਚ ਕੇਂਦਰ ਅਤੇ ਰਾਜਾਂ ਵਿਚਕਾਰ ਵਿਸ਼ਿਆਂ ਨੂੰ ਤਿੰਨ ਸੂਚੀਆਂ ਵਿੱਚ ਵੰਡਿਆ ਗਿਆ। ਭਾਰਤੀ ਸੰਵਿਧਾਨ ਕੇਂਦਰ ਅਤੇ ਰਾਜਾਂ ਦੇ ਪੱਧਰ ਤੇ ਅਲੱਗ-ਅਲੱਗ ਸਰਕਾਰਾਂ ਦੀ ਵਿਵਸਥਾ ਕਰਦਾ ਹੈ।

*"ਭਾਰਤੀ ਸੰਵਿਧਾਨ ਦਾ 11ਵਾਂ ਅਤੇ 12ਵਾਂ ਭਾਗ ਕੇਂਦਰ ਅਤੇ ਰਾਜਾਂ ਵਿਚਕਾਰ ਵਿਧਾਨਕ, ਪ੍ਰਸ਼ਾਸਕੀ ਅਤੇ ਵਿੱਤੀ ਸਬੰਧਾਂ ਬਾਰੇ ਵਿਸਥਾਰ ਪੂਰਵਕ ਦੱਸਦਾ ਹੈ।"*[6]

**ਵਿਧਾਨਕ ਸਬੰਧ-**

ਸੰਵਿਧਾਨ ਦਾ ਭਾਗ ਗਿਆਰਾਂ (ਅਨੁਛੇਦ 245-255) ਕੇਂਦਰ ਅਤੇ ਰਾਜਾਂ ਵਿਚਕਾਰ ਵਿਧਾਨਕ ਸਬੰਧਾਂ ਨਾਲ ਸਬੰਧਿਤ ਹੈ। ਇਹਨਾਂ ਅਨੁਸਾਰ ਕੇਂਦਰ ਅਤੇ ਰਾਜਾਂ ਵਿਚਕਾਰ ਕਾਨੂੰਨ ਬਣਾਉਣ ਦੀਆਂ ਸ਼ਕਤੀਆਂ ਨੂੰ ਤਿੰਨ ਸੂਚੀਆਂ ਵਿੱਚ ਵੰਡਿਆ ਗਿਆ ਹੈ। ਕੇਂਦਰੀ ਸੂਚੀ ਵਿੱਚ 97 ਵਿਸ਼ੇ, ਰਾਜ ਸੂਚੀ ਵਿੱਚ 66 ਵਿਸ਼ੇ ਅਤੇ ਸਮਵਰਤੀ ਸੂਚੀ ਵਿੱਚ 47 ਵਿਸ਼ੇ ਰੱਖੇ ਗਏ ਹਨ। ਕੇਂਦਰੀ ਸੂਚੀ ਵਿੱਚ ਸ਼ਾਮਿਲ ਵਿਸ਼ਿਆਂ ਤੇ ਕਾਨੂੰਨ ਬਣਾਉਣ ਦਾ ਅਧਿਕਾਰ ਕੇਂਦਰ ਸਰਕਾਰ ਨੂੰ ਦਿੱਤਾ ਗਿਆ ਹੈ। ਰਾਜ ਸੂਚੀ ਵਿੱਚ ਸ਼ਾਮਿਲ ਵਿਸ਼ਿਆਂ ਤੇ ਕਾਨੂੰਨ ਬਣਾਉਣ ਦਾ ਅਧਿਕਾਰ ਰਾਜ ਸਰਕਾਰਾਂ ਕੋਲ ਹੈ ਅਤੇ ਸਮਵਰਤੀ ਸੂਚੀ ਵਿੱਚ ਸ਼ਾਮਿਲ ਵਿਸ਼ਿਆਂ ਉੱਤੇ ਕਾਨੂੰਨ ਬਣਾਉਣ ਦਾ ਅਧਿਕਾਰ ਕੇਂਦਰ ਅਤੇ ਰਾਜਾਂ ਦੋਵਾਂ ਨੂੰ ਦਿੱਤਾ ਗਿਆ ਹੈ।

**ਪ੍ਰਸ਼ਾਸਨਿਕ ਸਬੰਧ-**

ਸੰਵਿਧਾਨ ਦੇ ਭਾਗ ਗਿਆਰਾਂ ਵਿੱਚ ਅੰਕਿਤ ਅਨੁਛੇਦ 256 ਤੋਂ 263 ਤੱਕ ਕੇਂਦਰ ਅਤੇ ਰਾਜਾਂ ਵਿਚਕਾਰ ਪ੍ਰਸ਼ਾਸਕੀ ਸਬੰਧਾਂ ਨੂੰ ਨਿਰਧਾਰਿਤ ਕਰਦੇ ਹਨ। ਧਾਰਾ 256 ਅਤੇ 257 ਦੇ ਤਹਿਤ ਕੇਂਦਰ ਸਰਕਾਰ ਰਾਜਾਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕਰ ਸਕਦੀ ਹੈ।

**ਵਿੱਤੀ ਸਬੰਧ-**

ਸੰਵਿਧਾਨ ਦਾ ਭਾਗ ਬਾਰਾਂ ਅਤੇ ਆਰਟੀਕਲ 268 ਤੋਂ 293 ਤੱਕ ਕੇਂਦਰ ਅਤੇ ਰਾਜਾਂ ਵਿਚਕਾਰ ਵਿੱਤੀ ਸਬੰਧਾਂ ਨਾਲ ਸੰਬੰਧਿਤ ਹੈ। ਆਰਟੀਕਲ 280 ਅਨੁਸਾਰ ਭਾਰਤ ਦਾ ਰਾਸ਼ਟਰਪਤੀ ਹਰ ਪੰਜ ਸਾਲਾਂ ਲਈ ਇੱਕ ਵਿੱਤ ਕਮਿਸ਼ਨ ਦੀ ਸਥਾਪਨਾ ਕਰਦਾ ਹੈ। ਵਿੱਤ ਕਮਿਸ਼ਨ ਕੇਂਦਰ ਅਤੇ ਰਾਜਾਂ ਵਿਚਕਾਰ, ਵਿੱਤੀ ਸਬੰਧਾਂ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ।

*"ਵਿੱਤ ਕਮਿਸ਼ਨ ਦਾ ਮੁੱਖ ਕੰਮ ਕੇਂਦਰ ਅਤੇ ਰਾਜਾਂ ਵਿਚਕਾਰ ਆਮਦਨ ਕਰ ਨੂੰ ਵੰਡਣਾ ਅਤੇ ਕੇਂਦਰ ਦੁਆਰਾ ਰਾਜਾਂ ਨੂੰ ਦਿੱਤੀਆਂ ਜਾਣ ਵਾਲੀਆਂ ਗ੍ਰਾਂਟਾਂ ਸਬੰਧੀ, ਕੇਂਦਰੀ ਸਰਕਾਰ ਨੂੰ ਸੁਝਾਅ ਦੇਣਾ ਹੈ।"*[7]

ਸੰਘਵਾਦ ਦਾ ਮੂਲ ਸਿਧਾਂਤ ਇਹ ਹੈ ਕਿ ਕੇਂਦਰ ਅਤੇ ਰਾਜਾਂ ਵਿਚਕਾਰ ਵਿਧਾਨਕ ਅਤੇ ਕਾਰਜਕਾਰੀ ਸ਼ਕਤੀਆਂ ਦੀ ਵੰਡ ਸੰਵਿਧਾਨ ਦੁਆਰਾ ਹੋਣੀ ਚਾਹੀਦੀ ਹੈ ਨਾਂ ਕਿ ਕੇਂਦਰ ਸਰਕਾਰ ਦੁਆਰਾ ਬਣਾਏ ਗਏ ਕਿਸੇ ਕਾਨੂੰਨ ਰਾਹੀਂ। ਭਾਰਤੀ ਸੰਵਿਧਾਨ ਅਨੁਸਾਰ ਰਾਜ ਆਪਣੀਆਂ ਵਿਧਾਨਕ ਸ਼ਕਤੀਆਂ ਲਈ ਕੇਂਦਰ ਉੱਪਰ ਨਿਰਭਰ ਨਹੀਂ ਹਨ। ਭਾਰਤੀ ਸੰਵਿਧਾਨ ਕੇਂਦਰ ਅਤੇ ਰਾਜਾਂ ਨੂੰ ਆਪਣੇ-ਆਪਣੇ ਅਧਿਕਾਰ ਖੇਤਰਾਂ ਵਿੱਚ ਖ਼ੁਦਮੁਖਤਿਆਰ ਬਣਾਉਂਦਾ ਹੈ।

**ਕੇਂਦਰ-ਰਾਜ ਸਬੰਧਾਂ ਵਿੱਚ ਟਕਰਾਅ ਦੀ ਸ਼ੁਰੂਆਤ-**

ਅਜ਼ਾਦੀ ਤੋਂ ਬਾਅਦ ਭਾਰਤ ਵਿੱਚ ਕੇਂਦਰ-ਰਾਜ ਸਬੰਧਾਂ ਵਿੱਚ ਟਕਰਾਅ ਦੀ ਸ਼ੁਰੂਆਤ 1967 ਤੋਂ ਮੰਨੀ ਜਾਂਦੀ ਹੈ। 1967 ਤੱਕ ਕੇਂਦਰ ਅਤੇ ਜ਼ਿਆਦਾਤਰ ਰਾਜਾਂ ਵਿੱਚ ਕਾਂਗਰਸ ਪਾਰਟੀ ਦੀ ਹੀ ਸਰਕਾਰ ਰਹੀ ਜਿਸ ਕਾਰਨ ਕੇਂਦਰ ਅਤੇ ਰਾਜਾਂ ਵਿਚਕਾਰ ਕੋਈ ਵੱਡਾ ਸੰਘਰਸ਼ ਵੇਖਣ ਨੂੰ ਨਹੀਂ

ਮਿਲਿਆ। ਜੇਕਰ ਕਦੇ ਕੇਂਦਰ ਅਤੇ ਰਾਜਾਂ ਵਿਚਕਾਰ ਕੋਈ ਮਤਭੇਦ ਹੁੰਦਾ ਵੀ ਸੀ ਤਾਂ ਕੇਂਦਰ ਅਤੇ ਰਾਜ ਵਿੱਚ ਇੱਕੋ ਪਾਰਟੀ ਦੀ ਸਰਕਾਰ ਹੋਣ ਕਰਕੇ ਮਸਲਿਆਂ ਨੂੰ ਪਾਰਟੀ ਦੇ ਅੰਦਰ ਹੀ ਸੁਲਝਾ ਲਿਆ ਜਾਂਦਾ ਸੀ। 1967 ਤੋਂ ਬਾਅਦ ਰਾਜਾਂ ਵਿੱਚ ਗੈਰ-ਕਾਂਗਰਸੀ ਸਰਕਾਰਾਂ ਦਾ ਗਠਨ ਹੋਣਾ ਸ਼ੁਰੂ ਹੋ ਗਿਆ ਜਿਸ ਨਾਲ ਕੇਂਦਰੀ ਅਤੇ ਰਾਜ ਸਰਕਾਰਾਂ ਵਿੱਚ ਵਿਚਾਰਕ ਅਤੇ ਖ਼ੇਤਰੀ ਅਧਿਕਾਰਾਂ ਸਬੰਧੀ ਟਕਰਾਅ ਹੋਣਾ ਸ਼ੁਰੂ ਹੋ ਗਿਆ।

*"1967 ਦੀਆਂ ਆਮ ਚੋਣਾਂ ਤੋਂ ਬਾਅਦ ਸਥਿਤੀ ਬਹੁਤ ਬਦਲ ਗਈ। ਕਾਂਗਰਸ ਪਾਰਟੀ ਨੂੰ 9 ਰਾਜਾਂ ਵਿੱਚ ਹਾਰ ਦਾ ਸਾਹਮਣਾ ਕਰਨਾ ਪਿਆ ਅਤੇ ਵੱਖ-ਵੱਖ ਰਾਜਨੀਤਿਕ ਵਿਚਾਰਧਾਰਾਵਾਂ ਵਾਲੀਆਂ ਪਾਰਟੀਆਂ ਵੱਲੋਂ ਗਠਜੋੜ ਸਰਕਾਰਾਂ ਬਣਾਈਆਂ ਗਈਆਂ। ਇਸ ਨਾਲ ਹੀ ਭਾਰਤ ਵਿੱਚ ਕੇਂਦਰ-ਰਾਜ ਸਬੰਧਾਂ ਵਿੱਚ ਟਕਰਾਅ ਦੀ ਸ਼ੁਰੂਆਤ ਹੋਈ।"*[8]

**ਕੇਂਦਰ-ਰਾਜ ਸਬੰਧਾਂ ਵਿੱਚ ਰਾਜਪਾਲ ਦੀ ਭੂਮਿਕਾ-**

ਕੇਂਦਰ-ਰਾਜ ਸਬੰਧਾਂ ਵਿੱਚ ਰਾਜਪਾਲ ਦੀ ਪੱਖਵਾਦੀ ਭੂਮਿਕਾ ਵੀ ਆਲੋਚਨਾ ਦਾ ਵਿਸ਼ਾ ਰਹੀਂ ਹੈ ਅਤੇ ਇਸ ਨੇ ਕੇਂਦਰ-ਰਾਜ ਸਬੰਧਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਕੁਝ ਰਾਜਪਾਲਾਂ ਦੁਆਰਾ ਕੇਂਦਰੀ ਸੱਤਾਧਾਰੀ ਪਾਰਟੀ ਦੀ ਸਰਕਾਰ ਦੇ ਏਜੰਟ ਰੂਪ ਵਿੱਚ ਕੰਮ ਕਰਨ ਕਰਕੇ ਲੋਕਾਂ ਵਿੱਚ ਇਸ ਅਹੁਦੇ ਪ੍ਰਤੀ ਅਵਿਸ਼ਵਾਸ ਦੀ ਭਾਵਨਾ ਪੈਦਾ ਹੋ ਗਈ ਹੈ। ਆਮ ਤੌਰ ਤੇ ਰਾਜਪਾਲ ਦਾ ਮੁੱਖ ਕੰਮ ਵਿਧਾਨ ਸਭਾ ਵਿੱਚ ਬਹੁਮਤ ਹਾਸਿਲ ਕਰਨ ਵਾਲੀ ਪਾਰਟੀ ਦੇ ਨੇਤਾ ਨੂੰ ਮੁੱਖ ਮੰਤਰੀ ਨਿਯੁਕਤ ਕਰਨਾ ਹੁੰਦਾ ਹੈ। ਜਦੋਂ ਕਦੇ ਕਿਸੇ ਵੀ ਪਾਰਟੀ ਨੂੰ ਸਪੱਸ਼ਟ ਬਹੁਮਤ ਹਾਸਿਲ ਨਹੀਂ ਹੁੰਦਾ ਤਾਂ ਉਸ ਸਮੇਂ ਰਾਜਪਾਲ ਆਪਣੇ ਫੈਸਲੇ ਅਨੁਸਾਰ ਕਿਸੇ ਪਾਰਟੀ ਨੂੰ ਸਰਕਾਰ ਬਣਾਉਣ ਦਾ ਸੱਦਾ ਦਿੰਦਾ ਹੈ। 1967 ਤੱਕ ਕਾਂਗਰਸ ਪਾਰਟੀ ਰਾਜਾਂ ਵਿੱਚ ਸਪੱਸ਼ਟ ਬਹੁਮਤ ਹਾਸਿਲ ਕਰਦੀ ਰਹੀ ਜਿਸ ਕਾਰਨ ਰਾਜਪਾਲ ਸਾਹਮਣੇ ਅਜਿਹੀ ਕੋਈ ਸਮੱਸਿਆ ਖੜ੍ਹੀ ਨਹੀਂ ਹੋਈ ਪਰੰਤੂ 1967 ਤੋਂ ਬਾਅਦ ਕਈ ਰਾਜਾਂ ਵਿੱਚ ਕਿਸੇ ਵੀ ਪਾਰਟੀ ਨੂੰ ਸਪੱਸ਼ਟ ਬਹੁਮਤ ਹਾਸਿਲ ਨਹੀਂ ਹੋਇਆ। ਅਜਿਹੇ ਸਮੇਂ ਵਿੱਚ ਰਾਜਪਾਲ ਦੀ ਪੱਖਪਾਤੀ ਭੂਮਿਕਾ ਉੱਤੇ ਕਈ ਸਵਾਲ ਖੜ੍ਹੇ ਹੋਏ ਜਿਵੇਂ ਕਿ ਰਾਜਸਥਾਨ ਵਿੱਚ ਚੌਥੀਆਂ ਆਮ ਚੋਣਾਂ ਤੋਂ ਬਾਅਦ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਕਿਸੇ ਵੀ ਪਾਰਟੀ ਨੂੰ ਸਪੱਸ਼ਟ ਬਹੁਮਤ ਪ੍ਰਾਪਤ ਨਾ ਹੋਇਆ। ਗੈਰ-ਕਾਂਗਰਸੀ ਪਾਰਟੀਆਂ ਨੇ ਰਾਜਪਾਲ ਨੂੰ ਮਿਲ ਕੇ ਗਠਜੋੜ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤਾ ਜਦੋਂ ਕਿ ਰਾਜਪਾਲ ਨੇ ਕਾਂਗਰਸ ਵਿਧਾਇਕ ਦਲ ਦੇ ਨੇਤਾ ਮੋਹਨ ਲਾਲ ਨੂੰ ਸਰਕਾਰ ਬਣਾਉਣ ਦਾ ਸੱਦਾ ਦੇ ਦਿੱਤਾ। ਰਾਜਪਾਲ ਦੀ ਇਸ ਕਾਰਵਾਈ ਦੀ ਪੂਰੇ ਦੇਸ਼ ਵਿੱਚ ਆਲੋਚਨਾ ਹੋਈ।

*"ਰਾਜਪਾਲ ਦਾ ਰਾਜਸਥਾਨ ਨਾਲ ਸਬੰਧਿਤ ਇਹ ਫੈਸਲਾ ਭਾਰਤ ਵਿੱਚ ਕੇਂਦਰ-ਰਾਜ ਸਬੰਧਾਂ ਦੇ ਵਿਵਾਦਾਂ ਵਿੱਚੋਂ ਇੱਕ ਵੱਡਾ ਵਿਵਾਦ ਮੰਨਿਆ ਜਾਂਦਾ ਹੈ। ਰਾਜਪਾਲ ਦੇ ਇਸ ਫੈਸਲੇ ਤੋਂ ਬਾਅਦ ਜੈਪੁਰ ਵਿੱਚ ਹਿੰਸਕ ਪ੍ਰਦਰਸ਼ਨ ਹੋਏ ਅਤੇ 13 ਮਾਰਚ,1967 ਨੂੰ ਰਾਜਸਥਾਨ ਵਿੱਚ ਰਾਸ਼ਟਰਪਤੀ ਸ਼ਾਸਨ ਲਾਗੂ ਕਰਕੇ ਵਿਧਾਨ ਸਭਾ ਨੂੰ ਭੰਗ ਕਰ ਦਿੱਤਾ ਗਿਆ।"*[9]

**ਆਰਟੀਕਲ 356 ਦੀ ਦੁਰਵਰਤੋਂ-**

ਸੰਵਿਧਾਨ ਦੀ ਧਾਰਾ 356 ਦੀ ਦੁਰਵਰਤੋਂ ਵੀ ਕੇਂਦਰ-ਰਾਜ ਸਬੰਧਾਂ ਵਿੱਚ ਇੱਕ ਵਿਵਾਦਪੂਰਨ ਮੁੱਦਾ ਰਿਹਾ ਹੈ। ਧਾਰਾ 356 ਦੇ ਅਨੁਸਾਰ ਜੇਕਰ ਕਿਸੇ ਵੀ ਰਾਜ ਦੀ ਸਰਕਾਰ ਸੰਵਿਧਾਨ ਦੇ ਅਨੁਸਾਰ ਕੰਮ ਨਹੀਂ ਕਰ ਰਹੀ ਹੁੰਦੀ ਤਾਂ ਰਾਜਪਾਲ ਦੀ ਰਿਪੋਰਟ ਦੇ ਆਧਾਰ ਉੱਤੇ ਰਾਜ ਵਿੱਚ ਰਾਸ਼ਟਰਪਤੀ ਸ਼ਾਸ਼ਨ ਲਾਗੂ ਕੀਤਾ ਜਾ ਸਕਦਾ ਹੈ। ਇਸ ਸ਼ਕਤੀ ਦੀ ਕੇਂਦਰ ਸਰਕਾਰ ਦੁਆਰਾ ਕਈ ਵਾਰ ਦੁਰਵਰਤੋਂ ਕੀਤੀ ਜਾ ਚੁੱਕੀ ਹੈ। ਇਸ ਉਪਰੰਤ ਕੁਝ ਲੋਕਾਂ ਦਾ ਮਤ ਇਹ ਰਿਹਾ ਹੈ ਕਿ ਭਾਰਤ ਵਿੱਚ ਸੰਘਵਾਦ ਆਪਣੇ ਅਸਲ ਅਰਥ ਗੁਆ ਚੁੱਕਿਆ ਹੈ। 1950 ਤੋਂ ਲੈਕੇ ਹੁਣ ਤੱਕ ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ 134 ਵਾਰ ਆਰਟੀਕਲ 356 ਦੀ ਵਰਤੋਂ ਕੀਤੀ ਜਾ ਚੁੱਕੀ ਹੈ। ਇਸ ਵਿੱਚੋਂ ਜ਼ਿਆਦਾਤਰ ਵਾਰ ਇਸ ਆਰਟੀਕਲ ਦੀ ਕੀਤੀ ਗਈ ਵਰਤੋਂ ਸਵਾਲਾਂ ਦੇ ਘੇਰੇ ਵਿੱਚ ਰਹੀ ਹੈ।

ਇਸ ਧਾਰਾ ਦੀ ਪਹਿਲੀ ਵਾਰ ਵਰਤੋਂ 20 ਜੂਨ,1951 ਵਿੱਚ ਪੰਜਾਬ ਵਿੱਚ ਕੀਤੀ ਗਈ। 1966 ਤੋਂ 1977 ਦੇ ਦੌਰਾਨ ਵੱਖ-ਵੱਖ ਰਾਜਾਂ ਵਿੱਚ 36 ਵਾਰ ਇਸ ਆਰਟੀਕਲ ਦੀ ਵਰਤੋਂ ਕੀਤੀ ਗਈ। ਜਨਤਾ ਪਾਰਟੀ ਦੀ ਸਰਕਾਰ ਨੇ ਆਪਣੇ ਸ਼ਾਸਨ ਕਾਲ ਦੌਰਾਨ 21 ਵਾਰ ਇਸ ਆਰਟੀਕਲ ਦੀ ਵਰਤੋਂ ਕੀਤੀ। 1980 ਵਿੱਚ ਇੰਦਰਾਂ ਗਾਂਧੀ ਦੁਆਰਾ ਇਕੱਠੇ 9 ਰਾਜਾਂ ਵਿੱਚ ਰਾਸ਼ਟਰਪਤੀ ਸ਼ਾਸਨ ਲਾਗੂ ਕਰਨਾ, ਸਭ ਤੋਂ ਵੱਧ ਵਿਵਾਦਪੂਰਨ ਰਿਹਾ। 1980 ਤੋਂ 1984 ਦੌਰਾਨ ਵੱਖ-ਵੱਖ ਰਾਜਾਂ ਵਿੱਚ 15 ਵਾਰ ਇਸ ਆਰਟੀਕਲ ਦੀ ਵਰਤੋਂ ਕਰਕੇ ਰਾਸ਼ਟਰਪਤੀ ਰਾਜ ਲਾਗੂ ਕੀਤਾ ਗਿਆ। ਵਰਤਮਾਨ ਸਮੇਂ ਕੇਂਦਰ ਵਿੱਚ ਸ਼ਾਸਨ ਕਰ ਰਹੀ ਐਨ.ਡੀ.ਏ. ਸਰਕਾਰ ਦੌਰਾਨ ਵੀ ਕਈ ਵਾਰ ਇਸ ਆਰਟੀਕਲ ਦੀ ਵਰਤੋਂ ਕੀਤੀ ਜਾ ਚੁੱਕੀ ਹੈ। ਵੱਖ-ਵੱਖ ਕੇਂਦਰ ਸਰਕਾਰਾਂ ਤੇ ਇਹ ਦੋਸ਼ ਲੱਗਦਾ ਰਿਹਾ ਹੈ ਕਿ ਕੇਂਦਰ ਸਰਕਾਰ ਦੁਆਰਾ ਰਾਜਾਂ ਵਿੱਚੋਂ ਵਿਰੋਧੀ ਧਿਰ ਦੀਆਂ ਸਰਕਾਰਾਂ ਨੂੰ ਡੇਗਣ ਲਈ ਆਰਟੀਕਲ 356 ਦੀ ਦੁਰਵਰਤੋਂ ਕੀਤੀ ਜਾਂਦੀ

ਰਹੀ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਸੰਵਿਧਾਨ ਦੀ ਇਸ ਧਾਰਾ ਦੀ ਦੁਰਵਰਤੋਂ ਕੇਂਦਰ-ਰਾਜ ਸਬੰਧਾਂ ਵਿੱਚ ਟਕਰਾਅ ਦਾ ਇੱਕ ਵੱਡਾ ਕਾਰਨ ਰਹੀਂ ਹੈ। ਧਾਰਾ 356 ਦੀ ਹੁੰਦੀ ਦੁਰਵਰਤੋਂ ਨੇ ਸੰਵਿਧਾਨ ਨਿਰਮਾਤਾਵਾਂ ਦੁਆਰਾ ਇਸ ਆਰਟੀਕਲ ਸਬੰਧੀ ਦਿੱਤੇ ਗਏ ਭਰੋਸੇ ਨੂੰ ਵੀ ਕਮਜ਼ੋਰ ਕੀਤਾ ਹੈ। ਬੀ.ਆਰ. ਅੰਬੇਦਕਰ ਨੇ ਸੰਵਿਧਾਨ ਸਭਾ ਨੂੰ ਭਰੋਸਾ ਦਿੰਦੇ ਹੋਏ ਕਿਹਾ ਸੀ ਕਿ

*"ਇਹ ਧਾਰਾ ਕਿਸੇ ਵੀ ਤਰ੍ਹਾਂ ਰਾਜਾਂ ਦੀ ਖ਼ੁਦਮੁਖਤਿਆਰੀ ਨੂੰ ਘੱਟ ਨਹੀਂ ਕਰੇਗੀ ਅਤੇ ਇਸ ਦੀ ਵਰਤੋਂ ਬਹੁਤ ਸਾਵਧਾਨੀ ਨਾਲ ਕੀਤੀ ਜਾਵੇਗੀ।"[10]*

**ਰਾਜਾਂ ਦੁਆਰਾ ਵਧੇਰੇ ਖ਼ੁਦਮੁਖਤਿਆਰੀ ਦੀ ਮੰਗ-**

1970-80 ਦੇ ਦਹਾਕੇ ਦੇ ਦੌਰਾਨ ਰਾਜਾਂ ਦੁਆਰਾ ਅਧਿਕ ਖ਼ੁਦਮੁਖਤਿਆਰੀ ਦੀ ਮੰਗ ਉੱਠਣ ਲੱਗ ਪਈ। 1970 ਵਿੱਚ ਤਾਮਿਲਨਾਡੂ ਦੀ ਡੀ.ਐਮ.ਕੇ. ਦੀ ਸਰਕਾਰ ਨੇ ਰਾਜਾਂ ਲਈ ਵਧੇਰੇ ਖ਼ੁਦਮੁਖਤਿਆਰੀ ਦੀ ਮੰਗ ਨੂੰ ਲੈਕੇ ਇੱਕ ਕਾਨਫਰੰਸ ਦਾ ਆਯੋਜਨ ਕੀਤਾ ਜਿਸ ਵਿੱਚ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਤੋਂ ਇਲਾਵਾ ਕਈ ਹੋਰ ਰਾਜਾਂ ਦੇ ਮੁੱਖ ਮੰਤਰੀਆਂ ਨੇ ਵੀ ਹਿੱਸਾ ਲਿਆ। 1973 ਦੌਰਾਨ ਪੰਜਾਬ ਵਿੱਚ ਅਕਾਲੀ ਦਲ ਦੁਆਰਾ ਰਾਜਾਂ ਦੀ ਖ਼ੁਦਮੁਖਤਿਆਰੀ ਦੀ ਮੰਗ ਅਤੇ ਕਠੋਰ ਕੇਂਦਰੀਕਰਨ ਦੇ ਵਿਰੋਧ ਵਿੱਚ ਆਨੰਦਪੁਰ ਸਾਹਿਬ ਦਾ ਮਤਾ ਪਾਸ ਕੀਤਾ। ਇਹਨਾਂ ਸਭ ਕੋਸ਼ਿਸ਼ਾਂ ਦੇ ਬਾਵਜੂਦ ਵੀ ਕੇਂਦਰ ਸਰਕਾਰ, ਕੇਂਦਰੀਕਰਨ ਤੇ ਜ਼ੋਰ ਦਿੰਦੀ ਰਹੀ ਜਿਸ ਕਾਰਨ ਕੇਂਦਰ-ਰਾਜ ਸਬੰਧਾਂ ਵਿੱਚ ਤਨਾਅ ਵੱਧਦਾ ਗਿਆ। ਕੇਂਦਰ ਅਤੇ ਰਾਜਾਂ ਵਿਚਕਾਰ ਤਨਾਅ ਨੂੰ ਘੱਟ ਕਰਨ ਲਈ 1983 ਦੇ ਵਿੱਚ ਆਰ.ਐੱਸ. ਸਰਕਾਰੀਆ ਦੀ ਅਗਵਾਈ ਦੇ ਵਿੱਚ ਸਰਕਾਰੀਆ ਕਮਿਸ਼ਨ ਦਾ ਗਠਨ ਕੀਤਾ ਗਿਆ। ਇਸ ਕਮਿਸ਼ਨ ਨੇ 27 ਅਕਤੂਬਰ,1987 ਨੂੰ ਆਪਣੀ ਰਿਪੋਰਟ ਪੇਸ਼ ਕੀਤੀ। ਆਪਣੀ ਰਿਪੋਰਟ ਦੇ ਵਿੱਚ ਸਰਕਾਰੀਆ ਕਮਿਸ਼ਨ ਨੇ ਕੇਂਦਰ-ਰਾਜ ਸਬੰਧਾਂ ਨੂੰ ਸੁਧਾਰਨ ਲਈ, ਰਾਜਪਾਲ ਦੀ ਭੂਮਿਕਾ, ਧਾਰਾ 356 ਦੀ ਵਰਤੋਂ ਅਤੇ ਯੋਜਨਾ ਆਯੋਗ ਆਦਿ ਸਬੰਧੀ ਕਈ ਸਿਫ਼ਾਰਸ਼ਾਂ ਕੀਤੀਆਂ ਪਰੰਤੂ ਕੇਂਦਰ ਸਰਕਾਰ ਦੁਆਰਾ ਸਰਕਾਰੀਆ ਆਯੋਗ ਦੀਆਂ ਸਾਰੀਆਂ ਸਿਫਾਰਸ਼ਾਂ ਨੂੰ ਨਹੀਂ ਮੰਨਿਆ ਗਿਆ ਜਿਸ ਕਾਰਨ ਇਹ ਕਦਮ ਵੀ ਕੇਂਦਰ-ਰਾਜ ਸਬੰਧਾਂ ਵਿੱਚ ਕੋਈ ਵੱਡੀ ਤਬਦੀਲੀ ਨਾ ਲਿਆ ਸਕਿਆ।

*"ਸਰਕਾਰੀਆ ਕਮਿਸ਼ਨ ਨੇ ਕੁੱਲ 247 ਸਿਫਾਰਸ਼ਾਂ ਪੇਸ਼ ਕੀਤੀਆਂ ਸਨ ਜਿਸ ਵਿੱਚੋਂ 24 ਨੂੰ ਰੱਦ ਕਰ ਦਿੱਤਾ ਗਿਆ, 10 ਸਿਫਾਰਸ਼ਾਂ ਨੂੰ ਪੂਰੀ ਤਰ੍ਹਾਂ ਨਾਲ ਸਵੀਕਾਰ ਨਹੀਂ ਕੀਤਾ ਗਿਆ ਅਤੇ 36 ਸਿਫਾਰਸ਼ਾਂ ਨੂੰ ਕੁਝ ਬਦਲਾਵਾਂ ਨਾਲ ਸਵੀਕਾਰ ਕੀਤਾ ਗਿਆ।"[11]*

**ਕੇਂਦਰ ਵਿੱਚ ਸਥਿਰ ਗਠਜੋੜ ਸਰਕਾਰਾਂ ਦਾ ਨਿਰਮਾਣ-**

20ਵੀ ਸਦੀ ਦੇ ਅੰਤ ਵਿੱਚ ਕੇਂਦਰੀ ਪੱਧਰ ਦੇ ਉੱਤੇ ਸਥਿਰ ਗਠਜੋੜ ਸਰਕਾਰਾਂ ਦਾ ਨਿਰਮਾਣ ਹੋਣਾ ਸ਼ੁਰੂ ਹੋ ਗਿਆ। ਇਸ ਨਾਲ ਖ਼ੇਤਰੀ ਪਾਰਟੀਆਂ ਦੀ ਮਹੱਤਤਾ ਵਿੱਚ ਵਾਧਾ ਹੋਇਆ ਅਤੇ ਕੇਂਦਰ-ਰਾਜ ਸਬੰਧਾਂ ਵਿੱਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੋਈ। 1999 ਤੋਂ ਲੈਕੇ ਵਰਤਮਾਨ ਸਮੇਂ ਤੱਕ ਕੇਂਦਰੀ ਪੱਧਰ ਉੱਤੇ ਜਿੰਨੀਆਂ ਵੀ ਸਰਕਾਰਾਂ ਦਾ ਗਠਨ ਹੋਇਆ ਹੈ। ਉਹਨਾਂ ਸਾਰੀਆਂ ਵਿੱਚ ਖ਼ੇਤਰੀ ਦਲਾਂ ਦੀ ਅਹਿਮ ਭੂਮਿਕਾ ਰਹੀ ਹੈ। 1999 ਦੀ ਐੱਨ.ਡੀ.ਏ. ਅਤੇ 2004 ਦੀ ਯੂ.ਪੀ.ਏ-1 ਦੀ ਸਰਕਾਰ ਦੌਰਾਨ ਕੇਂਦਰ-ਰਾਜ ਸਬੰਧਾਂ ਵਿੱਚ ਸਥਿਰਤਾ ਦੇਖਣ ਨੂੰ ਮਿਲੀ। ਯੂ.ਪੀ.ਏ. ਸਰਕਾਰ ਦੇ ਕਾਰਜਕਾਲ ਦੌਰਾਨ ਕੇਂਦਰ-ਰਾਜ ਸਬੰਧਾਂ ਤੇ ਵਿਚਾਰ ਕਰਨ ਲਈ 27 ਅਪ੍ਰੈਲ,2007 ਨੂੰ ਜਸਟਿਸ ਮਦਨ ਮੋਹਨ ਪੁੰਛੀ ਦੀ ਅਗਵਾਈ ਵਿੱਚ ਪੁੰਛੀ ਆਯੋਗ ਦਾ ਗਠਨ ਕੀਤਾ ਗਿਆ। ਇਸ ਆਯੋਗ ਨੇ ਆਪਣੀ ਰਿਪੋਰਟ ਦੇ ਵਿੱਚ ਕੇਂਦਰ-ਰਾਜ ਸਬੰਧਾਂ ਲਈ ਮਹੱਤਵਪੂਰਨ ਸਿਫਾਰਸ਼ਾਂ ਕੀਤੀਆਂ। 2004 ਤੋਂ ਬਾਅਦ ਵੀ 2009, 2014, 2019 ਅਤੇ 2024 ਵਿੱਚ ਵੀ ਕੇਂਦਰੀ ਪੱਧਰ ਤੇ ਗੱਠਜੋੜ ਦੀ ਸਰਕਾਰ ਦਾ ਨਿਰਮਾਣ ਹੋਇਆ। ਇਸ ਉਪਰੰਤ ਕੇਂਦਰ-ਰਾਜ ਸਬੰਧਾਂ ਵਿੱਚ ਇੱਕ ਸਥਿਰਤਾ ਜ਼ਰੂਰ ਦੇਖਣ ਨੂੰ ਮਿਲੀ ਪ੍ਰੰਤੂ ਫਿਰ ਵੀ ਸਮੇਂ-ਸਮੇਂ ਤੇ ਕੇਂਦਰ ਸਰਕਾਰ ਅਤੇ ਵਿਰੋਧੀ ਧਿਰ ਦੇ ਸ਼ਾਸਨ ਵਾਲੇ ਰਾਜਾਂ ਦੀਆਂ ਸਰਕਾਰਾਂ ਵਿਚਕਾਰ ਤਨਾਅ ਵੇਖਣ ਨੂੰ ਮਿਲਦਾ ਰਿਹਾ।

ਅਖ਼ੀਰ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਭਾਰਤ ਵਿੱਚ ਕੇਂਦਰ-ਰਾਜ ਸਬੰਧਾਂ ਦਾ ਇਤਿਹਾਸ ਸੁਚਾਰੂ ਨਹੀਂ ਰਿਹਾ ਹੈ। ਅਜ਼ਾਦੀ ਦੇ ਬਾਅਦ ਤੋਂ ਹੀ ਕੇਂਦਰ ਅਤੇ ਰਾਜ ਸਰਕਾਰਾਂ ਵਿਚਕਾਰ ਆਪਣੇ-ਆਪਣੇ ਅਧਿਕਾਰਾਂ ਨੂੰ ਲੈਕੇ ਟਕਰਾਅ ਹੁੰਦਾ ਆ ਰਿਹਾ ਹੈ। 1970 ਦੇ ਦਹਾਕੇ ਵਿੱਚ ਇੰਦਰਾਂ ਗਾਂਧੀ ਦੀ ਅਗਵਾਈ ਵਾਲੀ ਸਰਕਾਰ ਦੀ ਮਜ਼ਬੂਤ ਕੇਂਦਰੀਕਰਨ ਦੀ ਨੀਤੀ ਨੇ ਇਹਨਾਂ ਸਬੰਧਾਂ ਨੂੰ ਹੋਰ ਵਧੇਰੇ ਵਿਗਾੜਨ ਦਾ ਕੰਮ ਕੀਤਾ। 1980 ਦੇ ਦਹਾਕੇ ਵਿੱਚ ਰਾਜਾਂ ਲਈ ਵਧੇਰੇ ਖ਼ੁਦਮੁਖਤਿਆਰੀ ਅਤੇ ਕੇਂਦਰ-ਰਾਜ ਸਬੰਧਾਂ ਦੇ ਪੁਨਰਗਠਨ ਦੀ ਮੰਗ ਨੇ ਜ਼ੋਰ ਫੜ ਲਿਆ। 20ਵੀਂ ਸਦੀ ਦੇ ਅੰਤ ਵਿੱਚ ਕੇਂਦਰੀ ਪੱਧਰ ਤੇ ਬਣੀਆਂ ਗਠਜੋੜ ਸਰਕਾਰਾਂ ਨੇ ਕੇਂਦਰ-ਰਾਜ ਸਬੰਧਾਂ ਵਿੱਚ ਸਥਿਰਤਾ ਲਿਆਂਦੀ। ਇਸ ਤੋਂ ਇਲਾਵਾ ਸਮੇਂ-ਸਮੇਂ ਦੀਆਂ ਕੇਂਦਰ ਸਰਕਾਰਾਂ ਦੁਆਰਾ ਕੇਂਦਰ-ਰਾਜ ਸਬੰਧਾਂ ਨੂੰ ਸੁਧਾਰਨ ਲਈ ਕਈ ਕਮੇਟੀਆਂ ਅਤੇ ਆਯੋਗਾਂ ਦਾ ਨਿਰਮਾਣ ਕੀਤਾ। ਜਿਸ ਵਿੱਚ ਸਰਕਾਰੀਆ ਆਯੋਗ, ਪੁੰਛੀ ਆਯੋਗ ਅਤੇ ਪ੍ਰਸ਼ਾਸਕੀ ਸੁਧਾਰ ਆਯੋਗ ਅਹਿਮ ਹਨ। ਇਹ ਸਭ ਕਰਨ ਦੇ ਬਾਵਜੂਦ ਵੀ ਕੇਂਦਰ-ਰਾਜ ਸਬੰਧਾਂ ਵਿੱਚ ਟਕਰਾਅ ਨੂੰ ਪੂਰੀ ਖ਼ਤਮ ਨਹੀਂ ਕੀਤਾ

ਜਾ ਸਕਿਆ। ਮੌਜੂਦਾ ਸਮੇਂ ਰਾਸ਼ਟਰੀ ਹਿੱਤ ਲਈ ਇਹ ਜ਼ਰੂਰੀ ਹੈ ਕਿ ਕੇਂਦਰ ਅਤੇ ਰਾਜ ਸਰਕਾਰਾਂ ਬਿੰਨਾਂ ਕਿਸੇ ਮਤਭੇਦ ਅਤੇ ਟਕਰਾਅ ਦੇ ਮਿਲਕੇ ਕੰਮ ਕਰਨ। ਇਹ ਲੋਕਤੰਤਰ ਅਤੇ ਸੰਘਵਾਦ ਦੋਵਾਂ ਦੀ ਮਜ਼ਬੂਤੀ ਅਤੇ ਸਫ਼ਲਤਾ ਲਈ ਬਹੁਤ ਜ਼ਰੂਰੀ ਹੈ।

## ਹਵਾਲੇ ਅਤੇ ਟਿੱਪਣੀਆਂ


1. *Where,K.C. "Federal Government" Oxford University Press, London, 1963, Page: 60*
2. *Banerjee, A.C. "Indian Constitution Documents" Vol.1, Culcutta, 1961, Page: 234.*
3. *Prsad, Bisheshwar "The Origins Provincial Autonomy" Kitabistan, Allahabad, 1941, Pages: 87-88.*
4. *Banerjee, A.C. "The Constitutional History Of India" Vol.III, Delhi, 1978, Page: 138.*
5. *ਪੁਰੀ, ਕੇ.ਕੇ. ਅਤੇ ਢਿੱਲੋਂ, ਅਮਰਜੀਤ ਸਿੰਘ (ਸੰਪਾਦਕ), "ਕੇਂਦਰ-ਰਾਜ ਸਬੰਧ : ਇੱਕ ਸਰਵੇਖਣ" ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1985, ਪੰਨੇ: 19-20.*
6. *Tilak, B.G. "Union-State Relations in India's Higher Education" National University of Education, Planing and Administration, New Delhi, 2017, Page: 4.*
7. *Walia, Kuldeep, "Planning Commission and Finance Commission In India" International Journal of Computing and Business Research, Vol.4, 3, September,2013, Page:2.*
8. *Ghosal,A.K. "Need for a New Look at Centre-State Relations In India After 1967" The Indian Journal of Political Science, Vol. 30, Oct.-Dec. 1967, Page:373.*
9. *Ray, Amal, "Tension Eras In India's Federal System" Culcutta, 1970, Page: 63.*
10. *Chaudhary, Vikas, "Misuse of Article 356 by The Governor" International Journal of Computing and Reaserch, Vol. 1, December,2010, Page: 102.*
11. *Vikas, "Role of Sarkaria Commission In Centre-State Relations" International Journals of Research, Vol. 7, 7July, 2018, Page:764.*


### *Cite this Article-*


ਜਸਪਾਲ ਸ਼ਰਮਾ (Jaspal Sharma), ਕੇਂਦਰ-ਰਾਜ ਸਬੰਧ: ਇੱਕ ਵਿਸਤ੍ਰਿਤ ਅਧਿਐਨ (KENDRA-RAJYA SANBANDH: IK VISTRIT ADHIYAIN), ਅਰਮਾਨ *(ARMAAN), ISSN: 2583-9446 (O), Volume 3, Issue 3, July-September 2025, Page: 36-41.*

**Journal URL:** www.armaan.org.in

**DOI:** https://doi.org/10.64119/armaan.vol.3.issue3.06



*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*